ਹੇ ਆਦਮ ਦੇ ਪੁੱਤਰ! ਜਦੋਂ ਤੱਕ ਤੂੰ ਮੈਨੂੰ ਪੁਕਾਰਦਾ ਰਹੇਂਗਾ ਅਤੇ ਮੈਂਥੋਂ ਆਸ ਰੱਖੇਂਗਾ, ਮੈਂ ਤੇਰੇ ਪਿਛਲੇ ਗੁਨਾਹਾਂ ਨੂੰ ਮਾਫ ਕਰਦਾ ਰਹਾਂਗਾ, ਭਾਵੇਂ ਉਹ ਜਿੰਨੇ ਵੀ ਹੋਣ, ਮੈਂ ਇਸ ਦੀ ਪਰਵਾਹ ਨਹੀਂ ਕਰਾਂਗਾ।

ਅਨਸ ਬਿਨ ਮਾਲਿਕ ਰਜ਼ੀਅੱਲਾਹੁ ਅਨਹੁ ਤੋਂ ਰਿਵਾਇਤ ਹੈ, ਉਹ ਕਹਿੰਦੇ ਹਨ: ਮੈਂ ਅੱਲਾਹ ਦੇ ਰਸੂਲ صلى الله عليه وسلم ਨੂੰ ਕਹਿੰਦੇ ਹੋਏ ਸੁਣਿਆ: "ਅੱਲਾਹ ਤਆਲਾ ਨੇ ਫਰਮਾਇਆ: ਹੇ ਆਦਮ ਦੇ ਪੁੱਤਰ! ਜਦੋਂ ਤੱਕ ਤੂੰ ਮੈਨੂੰ
ਪੁਕਾਰਦਾ ਰਹੇਂਗਾ ਅਤੇ ਮੈਂਥੋਂ ਆਸ ਰੱਖੇਂਗਾ, ਮੈਂ ਤੇਰੇ ਪਿਛਲੇ ਗੁਨਾਹਾਂ ਨੂੰ ਮਾਫ ਕਰਦਾ ਰਹਾਂਗਾ, ਭਾਵੇਂ ਉਹ ਜਿੰਨੇ ਵੀ ਹੋਣ, ਮੈਂ ਇਸ ਦੀ ਪਰਵਾਹ ਨਹੀਂ ਕਰਾਂਗਾ। ਹੇ ਆਦਮ ਦੇ ਪੁੱਤਰ! ਜੇਕਰ ਤੇਰੇ
ਗੁਨਾਹ ਅਸਮਾਨ ਦੇ ਸਿਖਰ ਤੱਕ ਪਹੁੰਚ ਜਾਣ, ਫੇਰ ਤੂੰ ਮੈਥੋਂ ਮਾਫੀ ਮੰਗੇ, ਤਾਂ ਮੈਂ ਤੇਰੇ ਗੁਨਾਹ ਮਾਫ
ਕਰ ਦੇਵਾਂਗਾ ਅਤੇ ਮੈਨੂੰ ਇਸ ਦੀ ਕੋਈ ਪਰਵਾਹ ਨਹੀਂ ਹੈ। ਹੇ ਆਦਮ ਦੇ ਪੁੱਤਰ! ਜੇਕਰ ਤੂੰ ਮੇਰੇ ਕੋਲ
ਧਰਤੀ ਜਿੰਨੇ ਗੁਨਾਹ ਲੈ ਕੇ ਇਸ ਹਾਲ ਵਿੱਚ ਆਵੇਂ ਕਿ ਤੈਂ ਕਿਸੇ ਨੂੰ ਮੇਰਾ ਸ਼ਰੀਕ (ਸਾਂਝਾ) ਨਾ ਬਣਾਇਆ ਹੋਵੇ, ਤਾਂ ਮੈਂ ਤੇਰੇ ਕੋਲ ਧਰਤੀ ਜਿੰਨੀ ਮਾਫੀ ਲੈ ਕੇ ਆਵਾਂਗਾ।" [حسن] [رواه الترمذي]

ਨਬੀ صلى الله عليه وسلم ਨੇ ਦੱਸਿਆ ਕਿ ਅੱਲਾਹ ਤਆਲਾ ਨੇ ਇਸ ਹਦੀਸ ਕ਼ੁਦਸੀ ਵਿੱਚ ਕਿਹਾ: ਹੇ ਆਦਮ ਦੇ ਪੁੱਤਰ! ਜਦੋਂ ਤੱਕ ਤੂੰ ਮੈਨੂੰ ਪੂਕਾਰਦਾ ਰਹੇਂਗਾ, ਮੇਰੀ ਕਿਰਪਾ ਦੀ ਆਸ ਰੱਖਦਾ ਰਹੇਂਗਾ ਅਤੇ ਨਿਰਾਸ਼ ਨਹੀਂ ਹੋਵੇਂਗਾ ਤਾਂ, ਮੈਂ ਕਿਸੇ ਗੱਲ ਦੀ ਪਰਵਾਹ ਕੀਤੇ ਬਿਨਾ ਤੇਰੇ ਗੁਨਾਹ ਨੂੰ ਲੁਕਾਉਂਦਾ ਰਹਾਂਗਾ ਅਤੇ ਉਸਨੂੰ ਮਾਫ ਕਰਦਾ ਰਹਾਂਗਾ। ਭਾਵੇਂ ਉਹ ਗੁਨਾਹ, ਕਬੀਰਾ ਗੁਨਾਹਾਂ (ਮਹਾਪਾਪਾਂ) ਵਿੱਚੋਂ ਹੀ ਕਿਉਂ ਨਾ ਹੋਵੇ। ਹੇ ਆਦਮ ਦੇ ਪੁੱਤਰ! ਜੇ ਤੇਰੇ ਗੁਨਾਹ ਇੰਨੇ ਜ਼ਿਆਦਾ ਹੋਣ ਕਿ ਅਸਮਾਨ ਤੇ ਧਰਤੀ ਵਿਚਕਾਰਲੀ ਥਾਂ ਨੂੰ ਭਰ ਦੇਣ, ਉਸ ਤੋਂ ਬਾਅਦ ਵੀ ਜੇ ਤੂੰ ਮੈਥੋਂ ਮਾਫ਼ੀ ਮੰਗਦਾ ਹੈਂ, ਤਾਂ ਮੈਂ ਗੁਨਾਹਾਂ ਦੀ ਗਿਣਤੀ ਦੀ ਪਰਵਾਹ ਕੀਤੇ ਬਿਨਾ ਤੇਰੇ ਸਾਰੇ ਗੁਨਾਹਾਂ ਨੂੰ ਮਾਫ ਕਰ ਦਿਆਂਗਾ। ਹੇ ਆਦਮ ਦੇ ਪੁੱਤਰ! ਜੇ ਮਰਨ ਤੋਂ ਬਾਅਦ ਤੂੰ ਮੇਰੇ ਕੋਲ ਇਸ ਹਾਲ ਵਿੱਚ ਆਵੇਂ ਕਿ ਤੇਰੇ ਗੁਨਾਹ ਤੇ ਅਵੱਗਿਆਕਾਰੀ ਨਾਲ ਸਾਰੀ ਧਰਤੀ ਭਰੀ ਹੋਵੇ, ਅਤੇ ਤੂੰ ਇੱਕ ਮੁਵਾਹਿਦ (ਅੱਲਾਹ ਨੂੰ ਇਕਲੌਤਾ ਰੱਬ ਤੇ ਇਸ਼ਟ ਮੰਨਣ ਵਾਲਾ) ਬਣ ਕੇ ਮਰੇਂ ਤੇ ਮੇਰੇ ਨਾਲ ਕਿਸੇ ਨੂੰ ਸ਼ਰੀਕ ਨਾ ਬਣਾਇਆ ਹੋਵੇ, ਤਾਂ ਮੈਂ ਉਨ੍ਹਾਂ ਗੁਨਾਹਾਂ ਤੇ ਅਵੱਗਿਆਕਾਰੀਆਂ ਦੇ ਬਦਲੇ ਵਿੱਚ ਧਰਤੀ ਜਿੰਨੀ ਮਾਫੀ ਦਿਆਂਗਾ ਕਿਉਂਕਿ ਮੇਰੀ ਮਾਫ਼ੀ ਬਹੁਤ ਵੱਡੀ ਹੈ, ਅਤੇ ਮੈਂ ਸ਼ਿਰਕ ਨੂੰ ਛੱਡ ਕੇ ਸਾਰੇ ਗੁਨਾਹ ਮਾਫ ਕਰ ਦਿੰਦਾ ਹਾਂ।

https://www.sunnah.global/hadeeth/pa/show/5456